# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

**ਅਤਿ ਜਰੂਰੀ**

ਵੱਲ

ਸਬੰਧਤ ਸਕੂਲ ਮੁਖੀ
ਜਿਲ੍ਹਾ ਬਠਿੰਡਾ
ਪੱਤਰ ਨੰ: ਜੀ-1/1 ( )2024 / 1071
ਮਿਤੀ ਬਠਿੰਡਾ : 03/07/2024

ਵਿਸ਼ਾ : **ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਲੱਗਣ ਵਾਲੇ ਕੈਂਪਾਂ ਸਬੰਧੀ ।**

ਉਪਰੋਕਤ ਵਿਸ਼ੇ ਅਨੁਸਾਰ ਸਬੰਧਤ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪ ਮੰਡਲ ਅਫਸਰ ਮੈਜਿਸਟਰੇਟ , ਬਠਿੰਡਾ ਵੱਲੋਂ ਪ੍ਰਾਪਤ ਹੋਏ ਪੱਤਰ ਨੂੰ ਨੱਥੀ ਕਰਦੇ ਹੋਏ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਸਬੰਧੀ ਪੱਤਰ ਵਿਚ ਦਰਜ ਸਕੂਲਾਂ ਦੇ ਮੁਖ ਅਧਿਆਪਕਾਂ ਦੀ ਕੈਂਪਸ ਵਿਚ ਹਾਜ਼ਰ ਹੋਣ ਸਬੰਧੀ ਡਿਊਟੀ ਲਗਾਈ ਜਾਂਦੀ ਹੈ ਸਬੰਧਤ ਪ੍ਰਿੰਸੀਪਲਜ਼ /ਮੁਖ ਅਧਿਆਪਕ ਕੈਪਸ ਵਿਚ ਸਮੇਂ ਸਿਰ ਹਾਜ਼ਰ ਹੋਣਾ ਯਕੀਨੀ ਬਣਾਉਣਗੇ ।ਇਥੇ ਇਹ ਵੀ ਵਰਨਣਯੋਗ ਹੈ ਕਿ ਦੇਰੀ ਨਾਲ ਪਹੁੰਚਣ ਦੀ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਨਿੱਜੀ ਹੋਵੇਗੀ ।

ਜਿਲ੍ਹਾਸਿੱਖਿਆ ਅਫਸਰ (ਸੈ.ਸਿ)
ਬਠਿੰਡਾ । 3/7

# ਦਫਤਰ ਉਪ ਮੰਡਲ ਮੈਜਿਸਟਰੇਟ,ਬਠਿੰਡਾ

(ਦੂਸਰੀ ਮੰਜਿਲ ,ਮਿੰਨੀ ਸਕੱਤਰੇਤ ਬਠਿੰਡਾ 0164-2212525,Email-sdmbathinda@yahoo.in)


1504
३७/२५

ਸੇਵਾ ਵਿਖੇ

1) ਤਹਿਸੀਲਦਾਰ ਬਠਿੰਡਾ
2) ਨਾਇਬ ਤਹਿਸੀਲਦਾਰ ਸੰਗਤ/ਨਥਾਣਾ/ਗੋਨਿਆਣਾ
3) ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,ਸੰਗਤ/ਨਥਾਣਾ/ਗੋਨਿਆਣਾ
4) ਬਾਲ ਵਿਕਾਸ ਅਤੇ ਪ੍ਰੋਜੈਕਟ ਅਫਸਰ,ਸੰਗਤ/ਨਥਾਣਾ/ਗੋਨਿਆਣਾ
5) ਸਹਾਇਕ ਜਿਲਾ ਮੈਨੇਜਰ,ਸੇਵਾ ਕੇਂਦਰ, ਸੰਗਤ/ਨਥਾਣਾ/ਗੋਨਿਆਣਾ
6) ਕਾਰਜ ਸਾਧਕ ਅਫਸਰ,ਸੰਗਤ/ਨਥਾਣਾ/ਗੋਨਿਆਣਾ
7) ਸੀਨੀਅਰ ਮੈਡੀਕਲ ਅਫਸਰ,ਸੰਗਤ/ਨਥਾਣਾ/ਗੋਨਿਆਣਾ
8) ਸਹਾਇਕ ਖੁਰਾਕ ਤੇ ਸਪਲਾਈ ਕੰਟਰੋਲਰ,ਸੰਗਤ/ਨਥਾਣਾ/ਗੋਨਿਆਣਾ
9) ਮੁੱਖ ਥਾਣਾ ਅਫਸਰ,ਸੰਗਤ/ਨਥਾਣਾ/ਗੋਨਿਆਣਾ
10) ਉਪ ਮੰਡਲ ਅਫਸਰ,ਜਲ ਸਪਲਾਈ ਅਤੇ ਸੈਨੀਟੇਸ਼ਨ ਸੰਗਤ/ਨਥਾਣਾ/ਗੋਨਿਆਣਾ
11) ਉਪ ਮੰਡਲ ਅਫਸਰ,ਪੀ.ਐਸ.ਪੀ.ਸੀ.ਐਲ,ਸੰਗਤ/ਨਥਾਣਾ/ਗੋਨਿਆਣਾ
12) ਉਪ ਮੰਡਲ ਅਫਸਰ,ਪਬਲਿਕ ਹੈਲਥ, ਸੰਗਤ/ਨਥਾਣਾ/ਗੋਨਿਆਣਾ
13) ਕਿਰਤ ਇੰਸਪੈਕਟਰ,(ਸਮੇਤ ਸਟਾਫ)

ਪੱਤਰ /ਕੈਂਪ ਮਿਤੀ / /2024

ਵਿਸ਼ਾ:- ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਲੱਗਣ ਵਾਲੇ ਕੈਂਪਾਂ ਸਬੰਧੀ ਲੋੜੀਦੇ ਪ੍ਰਬੰਧ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਡਿਪਟੀ ਕਮਿਸ਼ਨਰ,ਬਠਿੰਡਾ ਜੀ ਵਲੋ ਆਪਣੇ ਦਫਤਰ ਦੇ ਪਿੱਠ ਅੰਕਣ ਨੰਬਰ 4517-26/ਵਿਕਾਸ ਸ਼ਾਖਾ/ਡੀ-1 ਮਿਤੀ 28.06.2024 ਰਾਹੀ ਲਿਖਿਆ ਹੈ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ,ਚੰਡੀਗੜ੍ਹ ਜੀ ਵਲੋਂ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਕੈਂਪ ਲਗਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ।ਇਹਨਾਂ ਕੈਂਪਾਂ ਵਿਚ ਡਿਪਟੀ ਕਮਿਸ਼ਨਰ ,ਬਠਿੰਡਾ ਜੀ ਅਤੇ ਵਧੀਕ ਡਿਪਟੀ ਕਮਿਸ਼ਨਰ ਬਠਿੰਡਾ ਜੀ ਵਲੋਂ ਉਪਰੋਕਤ ਕੈਂਪਾਂ ਵਿਚ ਵਿਜਿਟ ਕੀਤਾ ਜਾਣਾ ਹੈ ।ਇਸ ਲਈ ਉਕਤ ਵਿਭਾਗਾਂ ਦੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕੈਂਪਾਂ ਸਬੰਧੀ ਜੇਕਰ ਕੋਈ ਅਹਿਮ ਮੁੱਦਾ ਜਿਸ ਦਾ ਪੂਰੇ ਪਿੰਡ ਜਾਂ ਇਲਾਕੇ ਨਾਲ ਸਬੰਧ ਹੋਵੇ ਜਿਵੇਂ ਕਿ ਪਾਣੀ,ਸੀਵਰੇਜ,ਕਿਸਾਨੀ,ਨਹਿਰੀ ਖਾਲ,ਸਿਹਤ/ਪਸ਼ੂ ਡਿਸਪੈਂਸਰੀ/ਸਕੂਲ/ਬੱਸ ਸੇਵਾ/ਸੜਕ,ਨਿਸ਼ਾਨਦੇਹੀ ਸਬੰਧੀ ਹੋਵੇ ਤਾਂ ਉਸ ਸਬੰਧੀ ਕੈਂਪ ਸ਼ੁਰੂ ਹੋਣ ਤੋ ਦੋ ਦਿਨ ਪਹਿਲਾਂ ਨਿਮਨਹਸਤਾਖਰ ਨਾਲ ਡਿਸਕਸ ਕਰ ਲਿਆ ਜਾਵੇ ਤਾਂ ਜੋ ਉਕਤ ਮਾਮਲੇ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਨਾਲ ਮਿਲ ਕੇ ਉਕਤ ਮਾਮਲੇ ਦਾ ਉਚਿਤ ਹੱਲ ਕੱਢਿਆ ਜਾ ਸਕੇ।ਉਪਰੋਕਤ ਦੇ ਸਬੰਧ ਵਿਚ ਸਬ ਡਵੀਜਨ ਮੌੜ ਦੇ ਹੇਠ ਦਰਜ ਪਿੰਡਾਂ ਵਿਚ ਕੈਂਪ ਲੱਗਣੇ ਹਨ।

| ਲੜੀ ਨੰ | ਪਿੰਡ/ਗ੍ਰਾਮ ਪੰਚਾਇਤ/ ਨਗਰ ਕੌਂਸਲ ਦਾ ਵੇਰਵਾ | ਸਥਾਨ ਜਿਥੇ ਸੰਗਤ ਦਰਸ਼ਨ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਜਾਣਾ ਹੈ । | ਮਿਤੀ ਅਤੇ ਸਮਾਂ |
|---|---|---|---|
| 1 | ਸੰਗਤ (ਜੱਸੀ ਬਾਗ ਵਾਲੀ, ਫੁੱਲੋ ਮਿੱਠੀ, ਪਥਰਾਲਾ, ਕੋਟਗੁਰੂ, ਬਾਂਡੀ, ਗਹਿਰੀ ਬੁੱਟਰ) | ਦਾਣਾ ਮੰਡੀ ਸੰਗਤ | 04.07.2024 (ਵੀਰਵਾਰ) (~~ਮੰਗਲਵਾਰ~~) ਸਮਾਂ 9.30 ਤੋਂ 12.30 ਵਜੇ ਤੱਕ |
| 2 | ਭੁੱਚੋ ਮੰਡੀ(ਭੁੱਚੋ ਕਲਾਂ,ਭੁੱਚੋ ਖੁਰਦ,ਬੀਬੀ ਵਾਲਾ,ਚੱਕ ਫਤਹਿ ਸਿੰਘ ਵਾਲਾ) | ਗੁਰੂ ਨਾਨਕ ਧਰਮਸ਼ਾਲਾ, ਨਥਾਣਾ | 11.07.2024 (ਵੀਰਵਾਰ)ਸਮਾਂ 9.30 ਤੋਂ 12.30 ਵਜੇ ਤੱਕ |

| | | | |
|---|---|---|---|
| 3 | ਭੋਖੜਾ (ਅਮਰਗੜ੍ਹ, ਖਿਆਲੀ ਵਾਲਾ, ਗੋਨਿਆਣਾ, ਹਰਰਾਏਪੁਰ, ਨੇਹੀਆ ਵਾਲਾ) | ਗੁਰੂਦੁਆਰਾ ਸਾਹਿਬ,ਪਿੰਡ ਭੋਖੜਾ | 23.07.2024 (ਮੰਗਲਵਾਰ) ਸਮਾਂ 10.00 ਤੋਂ 02.00 ਵਜੇ ਤੱਕ |

ਉਪ ਮੰਡਲ ਮੈਜਿਸਟਰੇਟ,
ਬਠਿੰਡਾ।

ਪਿੱਠ ਅੰਕਣ ਨੰਬਰ 778 /ਸਟੈਨੋ ਮਿਤੀ 01-7-24

ਇਸ ਦਾ ਇਕ ਉਤਾਰਾ :-

1) ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਉਹਨਾਂ ਦੇ ਦਫਤਰ ਦੇ ਪੱਤਰ ਨੰਬਰ 4517-26/ਵਿਕਾਸ ਸ਼ਾਖਾ/ਡੀ-1 ਮਿਤੀ 28.06.2024 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ ।

2) ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਸੰਗਤ,ਗੋਨਿਆਣਾ,ਨਥਾਣਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਡਿਊਲ ਮੁਤਾਬਕ ਜਿਸ ਵਿਚ ਪਿੰਡ ਵਿਚ ਆਮ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾਣੀਆਂ ਹਨ,ਉਸ ਪਿੰਡ ਵਿਚ ਕੈਂਪ ਵਾਲੀ ਜਗ੍ਹਾ ਪਰ ਢੁੱਕਵੇਂ ਪ੍ਰਬੰਧ ਕੀਤੇ ਜਾਣ ।

3) ਤਹਿਸੀਲਦਾਰ ਬਠਿੰਡਾ,ਨਾਇਬ ਤਹਿਸੀਲਦਾਰ ਬਠਿੰਡਾ,ਗੋਨਿਆਣਾ,ਨਥਾਣਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੀ ਮੌਕੇ ਤੇ ਹਾਜਰੀ ਅਤੇ ਪਿੰਡ ਦੇ ਪਟਵਾਰੀ,ਸਰਪੰਚ,ਨੰਬਰਦਾਰ ਅਤੇ ਚੌਕੀਦਾਰ ਦੀ ਹਾਜਰੀ ਯਕੀਨੀ ਬਣਾਈ ਜਾਵੇ।ਕੈਂਪ ਵਾਲੇ ਪਿੰਡ ਅਤੇ ਨਾਲ ਅਟੈਚ ਕੀਤੇ ਗਏ ਪਿੰਡਾਂ ਦੇ ਲੋਕਾਂ ਨੂੰ ਇਸ ਕੈਂਪ ਵਿਚ ਆਉਣ ਲਈ ਜਾਗਰੂਕ ਕੀਤਾ ਜਾਵੇ।

4) ਉਪ ਕਪਤਾਨ ਪੁਲਿਸ ਦਿਹਾਤੀ,ਉਪ ਕਪਤਾਨ ਪੁਲਿਸ ਭੁੱਚੋ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਕੈਂਪ ਵਾਲੀ ਜਗ੍ਹਾ ਉਪਰ ਸਬੰਧਤ ਥਾਣੇ ਦੇ ਐਸ.ਐਚ.ਓ ਦੀ ਡਿਊਟੀ ਮੌਕੇ ਤੇ ਲਗਾਈ ਜਾਵੇ ਤਾਂ ਜੋ ਪੁਲਿਸ ਵਿਭਾਗ ਨਾਲ ਸਬੰਧਤ ਸ਼ਿਕਾਇਤਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਜਾ ਸਕੇ।

5) ਮੁੱਖ ਖੇਤੀਬਾੜੀ ਅਫਸਰ,ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਵਿਭਾਗ ਦੇ ਬਲਾਕ ਖੇਤੀਬਾੜੀ ਅਫਸਰ ਦੀ ਡਿਊਟੀ ਮੌਕੇ ਤੇ ਲਗਾਈ ਜਾਵੇ ।

6) ਸਿਵਲ ਸਰਜਨ ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਐਸ.ਐਮ.ਓ ਦੀ ਡਿਊਟੀ ਮੌਕੇ ਤੇ ਲਗਾਈ ਜਾਵੇ ਤਾਂ ਜੋ ਸਿਹਤ ਵਿਭਾਗ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਸਕੇ।

7) ਜਿਲਾ ਸਮਾਜਿਕ ਅਤੇ ਸੁਰਖਿਆ ਅਫਸਰ ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੈਨਸ਼ਨਾਂ ਨਾਲ ਸਬੰਧਤ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਆਪਣੇ ਵਿਭਾਗ ਦੇ ਨੁਮਾਇੰਦੇ ਦੀ ਡਿਊਟੀ ਮੌਕੇ ਤੇ ਲਗਾਈ ਜਾਵੇ ।

8) ਜਿਲਾ ਖੁਰਾਕ ਅਤੇ ਸਪਲਾਈ ਕੰਟਰੋਲਰ ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਵਿਭਾਗ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਬੰਧਤ ਇੰਸਪੈਕਟਰ ਦੀ ਡਿਊਟੀ ਮੌਕੇ ਤੇ ਲਗਾਈ ਜਾਵੇ।

9) ਜਿਲਾ ਸਿੱਖਿਆ ਅਫਸਰ (ਸੈਕੰਡਰੀ) ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਵਿਭਾਗ ਦੇ ਨੁਮਾਇੰਦੇ ਦੀ ਡਿਊਟੀ ਮੌਕੇ ਤੇ ਲਗਾਈ ਜਾਵੇ ।

10) XEN,ਵਾਟਰ ਸਪਲਾਈ ਅਤੇ ਸੈਨੀਟੇਸ਼ਨ ਬਠਿੰਡਾ, XEN,ਪੀ. ਐਸ. ਪੀ.ਸੀ.ਐਲ ਬਠਿੰਡਾ, XEN,ਨਹਿਰ ਮੰਡਲ ਬਠਿੰਡਾ, ਜਿਲਾ ਭਲਾਈ ਅਫਸਰ ਬਠਿੰਡਾ ਅਤੇ ਜਿਲਾ ਜੰਗਲਾਤ ਅਫਸਰ ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਕੈਂਪ ਵਾਲੇ ਪਿੰਡਾਂ ਨਾਲ ਸਬੰਧਤ ਆਪਣੇ ਵਿਭਾਗ ਦੇ ਨੁਮਾਇੰਦੇ,ਦੀ ਡਿਊਟੀ ਮੌਕੇ ਤੇ ਲਗਾਈ ਜਾਵੇ।

11) ਸੈਕਟਰੀ ਮਾਰਕਿਟ ਕਮੇਟੀ ਗੋਨਿਆਣਾ,ਨਥਾਣਾ ,ਸੰਗਤ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਕੈਂਪ ਵਾਲੇ ਪਿੰਡ ਵਿਚ ਮੌਕੇ ਤੇ ਹਾਜਰ ਰਹਿਣਾ ਯਕੀਨੀ ਬਣਾਇਆ ਜਾਵੇ ।

ਉਪ ਮੰਡਲ ਮੈਜਿਸਟਰੇਟ,
ਬਠਿੰਡਾ।